# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ,ਚੰਡੀਗੜ੍ਹ।
**ਪੀ.ਐਸ.ਈ.ਬੀ. ਕੰਪਲੈਕਸ, ਈ.ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਅਜੀਤਗੜ੍ਹ (ਪੰਜਾਬ)**

ਵੱਲ,

ਸਮੂਹ ਸਕੂਲ ਪ੍ਰਿਸੀਪਲ/ਮੁੱਖ ਅਧਿਆਪਕ/ਇੰਚਾਰਜ (ਵੈੱਬ ਸਾਇਟ ਰਾਹੀ)
ਪੰਜਾਬ।

ਮੀਮੋ ਨੰ:ਡੀ.ਜੀ.ਐਸ.ਈ/ਇੰਸਪੈਕਸ਼ਨ/2013/13505-06
ਮਿਤੀ ਚੰਡੀਗੜ੍ਹ - 17/8/13

ਵਿਸ਼ਾ: **ਸਕੂਲ ਸਮੇਂ ਦੌਰਾਨ ਵੱਖ-ਵੱਖ ਅਧਿਆਪਕਾਂ ਵੱਲੋਂ ਡਿਊਟੀ ਤੇ ਜਾਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਅਤੇ (ਐ.ਸਿ.) ਵੱਲੋ ਕਰਵਾਈਆ ਜਾ ਰਹੀਆਂ ਸਿੱਖਿਆ ਵਿਭਾਗ ਦੀਆਂ ਮੀਟਿੰਗਾਂ ਅਤੇ ਹੋਰ ਦਫਤਰੀ ਕੰਮਾਂ ਲਈ ਜਦੋਂ ਸਕੂਲ ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ ਨੂੰ ਸਕੂਲਾਂ ਤੋ ਬਾਹਰ ਜਾਣਾ ਪੈਂਦਾ ਹੈ ਤਾਂ ਉਹਨਾਂ ਵੱਲੋਂ ਆਪਣੇ ਨਾਲ ਸਕੂਲ ਦੇ ਇੱਕ ਜਾਂ ਦੋ ਅਧਿਆਪਕਾਂ ਨੂੰ ਵੀ ਨਾਲ ਲਿਜਾਇਆਂ ਜਾਂਦਾ ਹੈ। ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਸਕੂਲ ਦੇ ਮਾਹੋਲ ਤੇ ਕਾਫੀ ਮਾੜਾ ਅਸਰ ਪੈਂਦਾ ਹੈ।

ਇਸ ਲਈ ਉਪਰੋਕਤ ਦੇ ਸਬੰਧ ਵਿੱਚ ਆਪ ਜੀ ਨੂੰ ਇਹ ਪੱਤਰ ਲਿਖ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਦਫਤਰਾਂ ਵੱਲੋ ਜਦੋ ਸਕੂਲ ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ ਨੂੰ ਮੀਟਿੰਗਾਂ ਜਾਂ ਹੋਰ ਕੰਮਾਂ ਲਈ ਸਕੂਲੋ ਬਾਹਰ ਜਾਣਾ ਪਵੇ ਤਾਂ ਉਹਨਾਂ ਵੱਲੋ ਆਪਣੇ ਨਾਲ ਸਕੂਲ ਦੇ ਬਾਕੀ ਸਟਾਫ ਨੂੰ ਨਾਲ ਨਾ ਲਿਜਾਇਆ ਜਾਵੇ, ਅਤੇ ਜਿਥੋ ਤੱਕ ਉਚਿਤ ਹੋਵੇ ਤਾਂ ਸਕੂਲ ਨਾਲ ਸੰਬੰਧਿਤ ਬਾਹਰਲੇ ਕੰਮਾ ਲਈ ਨਾਨ-ਟੀਚਿੰਗ ਅਮਲੇ ਦੀ ਹੀ ਡਿਊਟੀ ਲਗਾਈ ਜਾਵੇ। ਤਾਂ ਜੋ ਇਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ।

ਇਹਨਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

14/8/13

**ਵਾ:ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਅਜੀਤਗੜ੍ਹ, ਪੰਜਾਬ ।**

ਪਿੱਠ ਅੰਕਣ ਨੰ: 2013/ਡੀ.ਜੀ.ਐਸ.ਈ./ਇੰਸਪੈਕਸ਼ਨ/13505-06 ਮਿਤੀ: 17/8/13

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਐ.ਸਿ)।

14/8/13

**ਵਾ:ਸਕੱਤਰ-ਕਮ- ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਅਜੀਤਗੜ੍ਹ, ਪੰਜਾਬ ।**